# ਆਪਣੇ ਹੱਕ ਜਾਣੋ

## ਸਾਊਥ ਔਸਟ੍ਰੇਲਿਆ ਵਿਖੇ ਸਿਹਤ ਅਤੇ ਭਾਈਚਾਰਕ ਸੇਵਾਵਾਂ ਦੇ ਹੱਕਾਂ ਸਬੰਧੀ ਸਿਹਤ ਅਤੇ ਭਾਈਚਾਰਕ ਸੇਵਾਵਾਂ ਸ਼ਿਕਾਇਤ ਕਮਿਸ਼ਨਰ (HCSCC) ਦੇ ਘੋਸ਼ਨਾਪੱਤਰ (ਚਾਰਟਰ) ਬਾਰੇ ਇੱਕ ਮਾਰਗਦਰਸ਼ਕ (ਗਾਈਡ)।

**HCSCC ਘੋਸ਼ਨਾਪੱਤਰ (ਚਾਰਟਰ) ਬਾਰੇ**

HCSCC ਚਾਰਟਰ ਉਨ੍ਹਾਂ ਲੋਕਾਂ ਦੇ ਹੱਕਾਂ ਦਾ ਉਲੇਖ ਕਰਦਾ ਹੈ ਜੋ ਕਿ ਸਾਊਥ ਔਸਟ੍ਰੇਲਿਆ ਵਿੱਚ ਵੱਧ ਤੋਂ ਵੱਧ ਸਿਹਤ ਅਤੇ ਭਾਇਚਰਕ ਸੇਵਾਵਾਂ ਦੀ ਵਰਤੋਂ ਕਰਦੇ ਹਨ, ਅਤੇ ਪਰਿਵਾਰ ਦੇ ਮੈਂਬਰਾਂ, ਸੰਭਾਲ ਕਰਤਾਵਾਂ ਅਤੇ ਨਾਮਜ਼ਦਾਂ ਦੇ ਲਈ ਜੋ ਕਿ ਉਸ ਵਿਅਕਤੀ ਦੀ ਤਰਫ਼ੋਂ ਕੰਮ ਕਰਦੇ ਹਨ ਜੋ ਕਿ ਸੇਵਾ ਦੀ ਭਾਲ ਵਿੱਚ ਹੈ ਜਾਂ ਸੇਵਾ ਦਾ ਇਸਤਮਾਲ ਕਰ ਰਿਹਾ ਹੈ।

ਸੇਵਾਵਾਂ ਵਿੱਚ ਸ਼ਾਮਲ ਹਨ ਜਨਤਕ, ਨਿੱਜੀ ਅਤੇ ਗੈਰ-ਸਰਕਾਰੀ ਸੈਕਟਰ ਦੀਆਂ ਵਿਸ਼ਾਲ ਸ਼੍ਰੇਣੀ ਦੀਆਂ ਸਿਹਤ ਅਤੇ ਭਾਈਚਾਰਕ ਸੇਵਾਵਾਂ।

HCSCC ਚਾਰਟਰ ਇਸਤਮਾਲ ਕੀਤਾ
ਜਾਵੇਗਾ: <u>ਖਪਤਕਾਰਾਂ ਵੱਲੋਂ:</u>

- ਕਿਸੇ ਸਿਹਤ ਜਾਂ ਭਾਈਚਾਰਕ ਸੇਵਾ ਦੀ ਭਾਲ ਜਾਂ ਇਸਤਮਾਲ ਕਰਨ ਦੇ ਵਕਤ, ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਨੂੰ ਸਮਝਣ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ।
- ਕਿਸੇ ਸੇਵਾ ਪ੍ਰਦਾਨਕਰਤਾ ਕੋਲ ਕੋਈ ਸ਼ਿਕਾਇਤ ਦਰਜ ਕਰਵਾਉਣ ਵੇਲੇ - ਚਿੰਤਾਵਾਂ ਬਾਰੇ ਗੱਲਬਾਤ ਕਰਨ ਵਿੱਚ ਮਦਦ ਕਰਨ ਦੇ ਲਈ।

<u>ਸੇਵਾ ਪ੍ਰਦਾਨਕਾਰਤਾਵਾਂ ਵੱਲੋਂ:</u>

- ਖਪਤਕਾਰਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਸੂਚਿਤ ਕਰਨਾ।
- ਕਿਸੇ ਸ਼ਿਕਾਇਤ ਦੀ ਜਵਾਬਦੇਹੀ ਕਰਨ ਵੇਲੇ - ਚਿੰਤਾ ਦੇ ਵਿਸ਼ਿਆਂ ਦੀ ਪਛਾਣ ਅਤੇ ਉਨ੍ਹਾਂ ਉੱਤੇ ਕਾਰਵਾਈ ਕਰਨ ਦੇ ਲਈ।
- ਸੇਵਾ ਦੇ ਇਸਤਮਾਲ ਕਰਨ ਵਾਲਿਆਂ ਦੇ ਨਾਲ ਸੇਵਾਵਾਂ ਵਿੱਚ ਸੁਧਾਰ ਕਰਨ ਬਾਰੇ ਗੱਲ-ਬਾਤ ਕਰਨ ਲਈ।
- ਬਤੌਰ ਵਿਅਕਤੀ-ਕੇਂਦਰਿਤ ਗੁਣਵੱਤਾ ਸੁਧਾਰੀ ਦਾ ਸਾਧਨ।
- ਸ਼ਿਕਾਇਤਾਂ ਅਤੇ ਉਨ੍ਹਾਂ ਸ਼ਿਕਾਇਤਾਂ ਦੇ ਜਵਾਬ ਵਿੱਚ ਕੀ ਕੀਤਾ ਗਿਆ ਹੈ ਇਸ ਬਾਰੇ HCSCC ਨੂੰ ਰਿਪੋਰਟ ਕਰਨ ਦੇ ਲਈ, ਇਹ HCSCC ਘੋਸ਼ਣਾਪੱਤਰ ਹੱਕਾਂ ਦੇ ਨਾਲ ਜੁੜਿਆ ਹੋਇਆ ਹੈ।

<u>HCSCC ਵੱਲੋਂ:</u>

- ਖਪਤਕਾਰਾਂ ਦੇ ਹੱਕਾਂ ਬਾਰੇ ਜਾਣਕਾਰੀ, ਸਿੱਖਿਆ ਅਤੇ ਸਲਾਹ ਪ੍ਰਦਾਨ ਕਰਨ ਦੇ ਲਈ।
- ਜਦੋਂ HCSCC ਕੋਲ ਕੋਈ ਸ਼ਿਕਾਇਤ ਇਹ ਫੈਸਲਾ ਕਰਨ ਦੇ ਲਈ ਦਰਜ ਕੀਤੀ ਜਾਂਦੀ ਹੈ ਕਿ ਕੀ ਸੇਵਾ ਪ੍ਰਦਾਨਕਰਤਾ ਵੱਲੋਂ ਕੀਤੀ ਗਈ ਕੋਈ ਚੀਜ਼ ਜਾਇਜ਼ ਸੀ ਜਾਂ ਨਹੀਂ।
- ਸੇਵਾਵਾਂ ਵਿੱਚ ਸੁਧਾਰ ਲਿਆਉਣ ਦੇ ਲਈ ਸ਼ਿਕਾਇਤਾਂ ਦੇ ਰੁਝਾਨਾਂ ਅਤੇ ਯੋਜਨਾਬੱਧ ਮਸਲਿਆਂ ਉੱਪਰ ਨਜ਼ਰ ਰੱਖਣ ਲਈ ਅਤੇ ਉਨ੍ਹਾਂ ਨੂੰ ਰਿਪੋਰਟ ਕਰਨ ਦੇ ਲਈ।

**ਪੰਜ ਮਾਰਗਦਰਸ਼ਕ ਸਿਧਾਂਤ**

<u>ਭਿੰਨਤਾ:</u> ਸਾਊਥ ਔਸਟ੍ਰੇਲਿਆ ਦਾ ਸਮਾਜ ਵੱਖ ਵੱਖ ਸਭਿਆਚਾਰਾਂ, ਲੋੜਾਂ, ਅਸੂਲਾਂ ਅਤੇ ਜੀਵਨਸ਼ੈਲੀ ਦੇ ਲੋਕਾਂ ਨਾਲ ਬਣਿਆ ਹੋਇਆ ਹੈ ਅਤੇ ਇਸ ਚੀਜ਼ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਇਸਦੀ ਇੱਜ਼ਤ ਕੀਤੀ ਜਾਣੀ ਚਾਹੀਦੀ ਹੈ।

<u>ਫੈਸਲੇ-ਲੈਣ ਦੀ ਸਮਰੱਥਾ:</u> ਕਈ ਲੋਕਾਂ ਦੀ ਫੈਸਲੇ ਲੈਣ ਦੀ ਸਮਰੱਥਾ ਕਿਸੇ ਬਿਮਾਰੀ, ਸੱਟ, ਅਪਾਹਜਤਾ ਜਾਂ ਵਿਕਾਸ ਦੇ ਮੁੱਦਿਆਂ ਦੀ ਵਜ੍ਹਾ ਨਾਲ ਕਮਜ਼ੋਰ ਹੋ ਸਕਦੀ ਹੈ। ਕਮਜ਼ੋਰ ਸਮਰੱਥਾ ਅਸਥਾਈ ਜਾਂ ਸਥਾਈ, ਅੱਧੀ ਜਾਂ ਪੂਰੇ ਤੌਰ ਤੇ ਵੀ ਹੋ ਸਕਦੀ ਹੈ।

ਜੇ ਕਿਸੇ ਵਿਅਕਤੀ ਦੀ ਫੈਸਲੇ ਲੈਣ ਦੀ ਸਮਰੱਥਾ ਕਮਜ਼ੋਰ ਹੈ, ਤਾਂ ਸੇਵਾ ਪ੍ਰਦਾਨਕਰਤਾ ਨੂੰ ਚਾਹੀਦਾ ਹੈ ਕਿ ਸਹਾਇਕ ਤੌਰ ਤੇ ਫੈਸਲਾ ਲਿੱਤੇ ਜਾਣ ਨੂੰ ਹੋਂਦ ਵਿੱਚ ਲਿਆਵੇ।

ਜੇ ਕਿਸੇ ਵਿਅਕਤੀ ਦੀ ਫੈਸਲੇ-ਲੈਣ ਦੀ ਸਮਰੱਥਾ ਕਮਜ਼ੋਰ ਹੈ, ਤਾਂ ਸੇਵਾ ਪ੍ਰਦਾਨਕਰਤਾ ਨੂੰ ਚਾਹੀਦਾ ਹੈ ਕਿ ਵਿਕਲਪ ਦੇ ਕਿਸੇ ਉਚਿਤ ਫੈਸਲਾ ਲੈਣ ਵਾਲੇ ਨੂੰ, ਜਿਸ ਵਿੱਚ ਸੰਭਾਲ ਕਰਤਾ ਵੀ ਸ਼ਾਮਲ ਹਨ, ਉਨ੍ਹਾਂ ਨੂੰ ਵਿੱਚ ਸ਼ਾਮਲ ਕਰੇ ਜਾਂ ਉਨ੍ਹਾਂ ਤੋਂ ਇਜਾਜ਼ਤ ਲਵੇ।

ਉਹ ਲੋਕ ਜਿਨ੍ਹਾਂ ਦੀ ਫੈਸਲੇ-ਲੈਣ ਦੀ ਸਮਰੱਥਾ ਕਮਜ਼ੋਰ ਹੁੰਦੀ ਹੈ ਉਨ੍ਹਾਂ ਨੂੰ ਸਿਹਤ ਜਾਂ ਭਾਈਚਾਰਕ ਸੇਵਾਵਾਂ ਪ੍ਰਦਾਨ ਕੀਤੇ ਜਾਣ ਦੇ ਸਬੰਧ ਵਿੱਚ ਵਾਂਝਾ ਨਹੀਂ ਰਹਿ ਜਾਣਾ ਚਾਹੀਦਾ।

ਭਾਗੀਦਾਰੀ: ਸੇਵਾ ਇਸਤਮਾਲ ਕਰਤਾਵਾਂ, ਸੰਭਾਲ ਕਰਤਾਵਾਂ ਅਤੇ ਪ੍ਰਦਾਨਕਰਤਾਵਾਂ ਦੇ ਵਿੱਚ ਹੋਣ ਵਾਲੀ ਇੱਕ ਸੱਚੀ ਭਾਗੀਦਾਰੀ ਸੁਰੱਖਿਅਤ ਅਤੇ ਉੱਚੀ ਗੁਣਵੱਤਾ ਦੀਆਂ ਸੇਵਾਵਾਂ ਅਤੇ ਸਭ ਤੋਂ ਉੱਤਮ ਹੋ ਸਕਦੇ ਵਧੀਆ ਨਤੀਜਿਆਂ ਨੂੰ ਪ੍ਰਫੁੱਲਤ ਕਰਦੀ ਹੈ। ਇਸ ਦੇ ਲਈ ਲੋੜ ਹੁੰਦੀ ਹੈ ਸਬੰਧਿਤ ਜਾਣਕਾਰੀ ਸਾਂਝੀ ਕਰਨੀ ਅਤੇ ਇੱਕ ਦੂਸਰੇ ਦੇ ਨਾਲ ਇੱਜ਼ਤ ਦੇ ਨਾਲ ਪੇਸ਼ ਆਉਣਾ।

ਪ੍ਰਦਾਨਕਰਤਾ ਦਾ ਯੋਗਦਾਨ: ਸਿਹਤ ਅਤੇ ਭਾਈਚਾਰਕ ਸੇਵਾਵਾਂ ਦੇ ਪ੍ਰਦਾਨਕਰਤਾਵਾਂ ਨੂੰ ਇਕੱਲੇ ਇਕੱਲੇ ਵਿਅਕਤੀਆਂ ਦੀ ਸਿਹਤ-ਸੰਭਾਲ, ਦਰੁਸਤਗੀ, ਅਤੇ ਭਲਾਈ ਪ੍ਰਤੀ ਦਿੱਤੇ ਉਨ੍ਹਾਂ ਦੇ ਯੋਗਦਾਨ ਦੇ ਲਈ ਮਾਨਤਾ ਦਿੱਤੀ ਜਾਂਦੀ ਹੈ।

ਅਧਿਕਾਰ: ਜਦ ਕਾਨੂੰਨੀ ਆਰਡਰ ਜਾਂ ਪ੍ਰਣਾਲੀਆਂ ਲਾਗੂ ਕੀਤੀਆਂ ਗਈਆਂ ਹੋਣ ਤਾਂ ਕੁਝ ਹੱਕਾਂ ਉੱਪਰ ਇਸਦਾ ਪ੍ਰਭਾਵ ਪੈ ਸਕਦਾ ਹੈ।

**ਘੋਸ਼ਣਾਪੱਤਰ ਦੇ ਅੱਠ ਅਧਿਕਾਰ**

ਪਹੁੰਚ: ਸਿਹਤ ਅਤੇ ਭਾਈਚਾਰਕ ਸੇਵਾਵਾਂ ਤੱਕ ਪਹੁੰਚ ਹੋਣ ਦਾ ਅਧਿਕਾਰ

ਮੇਰੀਆਂ ਪਛਾਣੀਆਂ ਗਈਆਂ ਲੋੜਾਂ ਨੂੰ ਜੋ ਪੂਰਾ ਕਰਦੀਆਂ ਹੋਣ, ਅਜਿਹੀਆਂ ਸਿਹਤ ਅਤੇ ਭਾਈਚਾਰਕ ਸੇਵਾਵਾਂ ਤੱਕ ਪਹੁੰਚ ਹੋਣ ਦਾ ਮੇਰੇ ਕੋਲ ਅਧਿਕਾਰ ਹੈ।

ਸੁਰੱਖਿਆ: ਦੁਰਵਿਵਹਾਰ ਤੋਂ ਸੁਰੱਖਿਅਤ ਹੋਣ ਦਾ ਅਧਿਕਾਰ

ਮੇਰੇ ਕੋਲ ਦੁਰਵਿਵਹਾਰ ਤੋਂ, ਜਾਂ ਦੁਰਵਿਵਹਾਰ ਦੇ ਖਤਰੇ ਤੋਂ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ, ਅਤੇ ਅਧਿਕਾਰ ਹੈ ਕਿ ਮੇਰੇ ਕਾਨੂੰਨੀ ਅਤੇ ਮਾਨਵੀ ਅਧਿਕਾਰਾਂ ਦਾ ਸਤਿਕਾਰ ਹੋਵੇ ਅਤੇ ਉਹ ਬਰਕਰਾਰ ਰਹਿਣ। ਮੈਨੂੰ ਵਿਤਕਰੇਬਾਜ਼ੀ ਅਤੇ ਕਿਸੇ ਪਰੇਸ਼ਾਨੀ ਤੋਂ ਬਗੈਰ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਗੁਣਵੱਤਾ: ਉੱਚੀ ਗੁਣਵੱਤਾ ਵਾਲੀਆਂ ਸੇਵਾਵਾਂ ਦਾ ਅਧਿਕਾਰ

ਮੇਰੇ ਕੋਲ ਸੁਰੱਖਿਅਤ, ਭਰੋਸੇਯੋਗ, ਤਾਲਮੇਲ ਯੁਕਤ ਸੇਵਾਵਾਂ ਦੀ ਪ੍ਰਾਪਤੀ ਦਾ ਅਧਿਕਾਰ ਹੈ ਜੋ ਕਿ ਮੇਰੀਆਂ ਲੋੜਾਂ ਅਨੁਸਾਰ ਉਚਿਤ ਹੋਣ ਅਤੇ ਇਹ ਸੰਭਾਲ, ਯੋਗਤਾ ਅਤੇ ਕਾਬਲੀਅਤ ਦੇ ਨਾਲ ਪ੍ਰਦਾਨ ਕੀਤੀਆਂ ਜਾਣ।

ਜੋ ਸੇਵਾਵਾਂ ਮੈਨੂੰ ਮਿਲਦੀਆਂ ਹਨ ਉਹ ਕਾਨੂੰਨ, ਮਾਹਰਤਾ, ਸਿਧਾਂਤਾਂ ਅਤੇ ਹੋਰ ਸਬੰਧਿਤ ਮਿਆਰਾਂ ਦੀ ਪਾਲਣਾ ਕਰਦੀਆਂ ਹੋਣ। ਕੋਈ ਵੀ ਘਟਨਾ ਜੋ ਮੇਰੇ ਨਾਲ ਸਬੰਧ ਰੱਖਦੀ ਹੋਵੇ, ਉਨ੍ਹਾਂ ਦਾ ਪ੍ਰਬੰਧਨ ਖੁੱਲੇ ਤੌਰ ਤੇ ਹੋਵੇ, ਤਾਂ ਜੋ ਸੁਧਾਰਾਂ ਨੂੰ ਯਕੀਨੀ ਬਣਾਇਆ ਜਾ ਸਕੇ।

ਸਤਿਕਾਰ: ਇੱਜ਼ਤ ਨਾਲ ਵਿਵਹਾਰ ਕੀਤੇ ਜਾਣ ਦਾ ਅਧਿਕਾਰ

ਮੇਰੇ ਕੋਲ ਸ਼ਿਸ਼ਟਾਚਾਰ, ਆਦਰ-ਮਾਣ ਅਤੇ ਇੱਜ਼ਤ ਦੇ ਨਾਲ ਵਿਵਹਾਰ ਕੀਤੇ ਜਾਣ ਦਾ ਅਧਿਕਾਰ ਹੈ। ਮੇਰੇ ਕੋਲ ਮੇਰੇ ਸਭਿਆਚਾਰ, ਵਿਸ਼ਵਾਸਾਂ, ਅਸੂਲਾਂ ਅਤੇ ਨਿੱਜੀ ਵਿਸ਼ੇਸ਼ਤਾਵਾਂ ਦਾ ਆਦਰ ਕਰਣ ਵਾਲੀਆਂ ਸੇਵਾਵਾਂ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਜਾਣਕਾਰੀ: ਜਾਣੂ ਰੱਖੇ ਜਾਣ ਦਾ ਅਧਿਕਾਰ

ਮੇਰੇ ਕੋਲ ਸੇਵਾਵਾਂ, ਇਲਾਜ, ਵਿਕਲਪਾਂ ਅਤੇ ਖਰਚਿਆਂ ਬਾਰੇ ਖੁੱਲੇ ਕੇ, ਸਾਫ ਸਾਫ ਅਤੇ ਸਮਾਂ ਰਹਿੰਦੇ ਕੀਤੀ ਜਾਣ ਵਾਲੀ ਗੱਲਬਾਤ ਅਜਿਹੇ ਤਰੀਕੇ ਨਾਲ ਕੀਤੇ ਜਾਣ ਦਾ ਅਧਿਕਾਰ ਹੈ, ਜਿਸ ਤਰੀਕੇ ਨਾਲ ਮੈਨੂੰ ਸਮਝ ਆਉਂਦੀ ਹੋਵੇ। ਮੇਰੇ ਕੋਲ ਅਧਿਕਾਰ ਹੈ ਕਿ ਜਿਸ ਵਕਤ ਲੋੜ ਹੋਵੇ, ਮੇਰੇ ਲਈ ਇੱਕ ਕਾਬਲ ਮਾਹਰ ਦੁਭਾਸ਼ੀਆ ਮੁਹਈਆ ਕਰਵਾਇਆ ਜਾਵੇ।

ਭਾਗ ਲੈਣਾ: ਸਰਗਰਮੀ ਦੇ ਨਾਲ ਹਿੱਸਾ ਲੈਣ ਦਾ ਅਧਿਕਾਰ

ਯੋਜਨਾ ਹੇਠ ਸੇਵਾਵਾਂ ਅਤੇ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਬਾਰੇ ਫੈਸਲਿਆਂ ਅਤੇ ਵਿਕਲਪਾਂ ਦੀ ਚੋਣ ਕਰਨ ਵਿੱਚ ਮੇਰੇ ਕੋਲ ਪੂਰੇ ਤਰੀਕੇ ਨਾਲ ਸ਼ਾਮਲ ਹੋਣ ਦਾ ਅਧਿਕਾਰ ਹੈ। ਮੇਰੇ ਕੋਲ ਪੈਰਵੀ ਅਤੇ ਸਹਿਯੋਗ (support and advocacy) ਦਾ ਅਧਿਕਾਰ ਹੈ ਤਾਂ ਜੋ ਮੈਂ ਹਿੱਸਾ ਲੈ ਸਕਾਂ। ਮੇਰੇ ਕੋਲ ਅਧਿਕਾਰ ਹੈ ਕਿ ਮੈਂ ਦੂਸਰੇ ਸਰੋਤਾਂ ਕੋਲੋਂ ਸਲਾਹ ਜਾਂ ਜਾਣਕਾਰੀ ਮੰਗ ਸਕਾਂ। ਮੇਰੇ ਕੋਲ ਅਧਿਕਾਰ ਹੈ ਕਿ ਕਿਸੇ ਵੀ ਵਕਤ ਆਪਣੀ ਸਹਿਮਤੀ ਦੇ ਸਕਾਂ, ਰੋਕ ਸਕਾਂ ਜਾਂ ਵਾਪਸ ਲੈ ਸਕਾਂ।

ਨਿੱਜਤਾ ਅਤੇ ਗੁਪਤਤਾ ਦਾ ਅਧਿਕਾਰ

ਮੇਰੇ ਕੋਲ ਅਧਿਕਾਰ ਹੈ ਕਿ ਮੇਰੀ ਨਿੱਜਤਾ ਦਾ ਆਦਰ ਕੀਤਾ ਜਾਵੇ ਅਤੇ ਮੇਰੀ ਨਿੱਜੀ ਜਾਣਕਾਰੀ ਨੂੰ ਗੁਪਤ ਅਤੇ ਸੁਰੱਖਿਅਤ ਰੱਖਿਆ ਜਾਵੇ। ਮੇਰੇ ਬਾਰੇ ਨਿੱਜੀ ਜਾਣਕਾਰੀ ਮੇਰੀ ਸਹਿਮਤੀ ਤੋਂ ਬਗੈਰ ਕਿਤੇ ਦੱਸੀ ਨਾ ਜਾਵੇ, ਜਦ ਤੱਕ ਕਿ ਅਜਿਹਾ ਦੱਸਿਆ ਜਾਣਾ ਕਿਸੇ ਜਾਨ ਦੇ ਗੰਭੀਰ ਖਤਰੇ ਨੂੰ ਘਟਾਉਣ ਜਾਂ ਰੋਕਣ ਦੇ ਲਈ, ਕਿਸੇ ਦੀ ਦੁਰੁਸਤਗੀ ਜਾਂ ਸੁਰੱਖਿਆ ਦੇ ਲਈ, ਜਾਂ ਕਾਂਨੂਨੀ ਤੌਰ ਤੇ ਇਸ ਦਾ ਖੁਲਾਸਾ ਕੀਤਾ ਜਾਣਾ ਲਾਜਮੀ ਨਾ ਹੋਵੇ।

ਮੇਰੇ ਕੋਲ ਅਧਿਕਾਰ ਹੈ ਕਿ ਆਪਣੇ ਰਿਕਾਰਡ ਲਈ ਬੇਨਤੀ ਕਰ ਸਕਾਂ ਅਤੇ ਪਹੁੰਚ ਪ੍ਰਾਪਤ ਕਰ ਸਕਾਂ, ਜਦ ਤਕ ਕਿ ਕਾਨੂੰਨੀ ਤੌਰ ਤੇ ਇਸ ਉੱਪਰ ਕੋਈ ਪਾਬੰਦੀ ਨਾ ਲਗਾਈ ਗਈ ਹੋਵੇ। ਮੈਂ ਕਿਸੇ ਵਿਅਕਤੀ / ਵਿਅਕਤੀਆਂ ਨੂੰ ਨਾਮਜ਼ਦ ਕਰ ਸਕਦਾ ਹਾਂ ਜਿਸ/ਜਿਨ੍ਹਾਂ ਦੇ ਨਾਲ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ।

ਟਿੱਪਣੀ: ਟਿੱਪਣੀ ਅਤੇ/ਜਾਂ ਸ਼ਿਕਾਇਤ ਕਰਨ ਦਾ ਅਧਿਕਾਰ

ਮੇਰੇ ਕੋਲ ਅਧਿਕਾਰ ਹੈ ਕਿ ਮੇਰੇ ਵੱਲੋਂ ਮੰਗ ਕੀਤੀ ਗਈ ਜਾਂ ਮੈਨੂੰ ਪ੍ਰਦਾਨ ਕੀਤੀ ਗਈ/ਗਈਆਂ ਸੇਵਾਵਾਂ ਬਾਰੇ ਮੇਰੀ ਗੱਲ ਨੂੰ ਸੁਣਿਆ ਜਾਵੇ ਅਤੇ ਮੈਂ ਉਸ/ਉਨ੍ਹਾਂ ਬਾਰੇ ਟਿੱਪਣੀ ਜਾਂ ਸ਼ਿਕਾਇਤ ਕਰ ਸਕਾਂ। ਮੇਰੇ ਕੋਲ ਅਧਿਕਾਰ ਹੈ ਕਿ ਮੇਰੀ ਸ਼ਿਕਾਇਤ ਨੂੰ ਸਹੀ ਤਰੀਕੇ ਨਾਲ ਅਤੇ ਤੁਰੰਤ ਨਜਿੱਠਿਆ ਜਾਵੇ ਅਤੇ ਕਿਓਂਕੀ ਮੈਂ ਸ਼ਿਕਾਇਤ ਕੀਤੀ ਹੈ ਇਸ ਵਜਿਹ ਤੋਂ ਹੀ ਇਸ ਦੇ ਨਾਲ ਬਦਲੇ ਦੀ ਭਾਵਨਾ ਦੇ ਨਾਲ ਨਾ ਨਜਿੱਠਿਆ ਜਾਵੇ।

ਸ਼ਿਕਾਇਤ ਕੀਤੇ ਜਾਣ ਵੇਲੇ, ਸਹਿਯੋਗ ਅਤੇ ਪੈਰਵੀ ਦੇ ਲਈ ਆਪਣੀ ਮਰਜ਼ੀ ਦੇ ਕਿਸੇ ਪ੍ਰਤੀਨਿਧੀ ਦੀ ਚੋਣ ਕਰਨ ਦਾ ਮੇਰੇ ਕੋਲ ਅਧਿਕਾਰ ਹੈ। ਮੇਰੇ ਸੁਝਾਅਵਾਂ ਅਤੇ ਸ਼ਿਕਾਇਤਾਂ ਦਾ ਪ੍ਰਬੰਧਨ ਖੁੱਲੇ ਤੌਰ ਤੇ ਹੋਵੇ, ਤਾਂ ਜੋ ਸੁਧਾਰਾਂ ਨੂੰ ਯਕੀਨੀ ਬਣਾਇਆ ਜਾ ਸਕੇ।

**HCSCC ਨਾਲ ਗੱਲ ਕਰੋ**

ਕਾੱਲ (08) 7117 9313 ਜਾਂ 1800 232 007 (ਦਿਹਾਤੀ ਸਾਊਥ ਔਸਟ੍ਰੇਲਿਆ ਲੈਂਡਲਾਈਨ)
ਟੈਲੀਟਾਈਪਰਾਈਟਰ (TTY): 133 677 ਜਾਂ 1800 555 677 (ਦਿਹਾਤੀ ਸਾਊਥ ਔਸਟ੍ਰੇਲਿਆ ਲੈਂਡਲਾਈਨ)
ਈ-ਮੇਲ: info@hcscc.sa.gov.au
ਲਿਖੋ: PO Box 199, Rundle Mall SA 5000
ਵੈੱਬਸਾਈਟ: www.hcscc.sa.gov.au
ਮਿਲਣ ਆਓ: Ground Floor, 191 Pulteney Street, Adelaide SA 5000
ਖੁੱਲਣ ਦਾ ਸਮਾਂ: ਸੋਮਵਾਰ - ਸ਼ੁੱਕਰਵਾਰ: ਸਵੇਰ 9 ਤੋਂ ਸ਼ਾਮ 5 ਵਜੇ (ਸ਼ਨੀਵਾਰ / ਐਤਵਾਰ: ਬੰਦ)